# PUNJABI (COMPULSORY) ਮੁੱਢਲਾ ਗਿਆਨ

**(Common for B.Sc. Biotech. and Bio-Informatics)**
**Semester - II : Paper - B**

Time Allowed : 3 Hours] [Maximum Marks : 75

## ਭਾਗ - ੳ

1. ਨਿਮਨ-ਦਰਜ ਵਿਚੋਂ ਕਿਸੇ 15 ਦੇ ਸ਼ਬਦ-ਜੋੜ ਸ਼ੁੱਧ ਕਰਕੇ ਵਾਕ ਬਣਾਓ :
ਬਾਜਾ, ਬੁਡਾ, ਸੇਖਾ, ਰੀਂਡ, ਬੈਹ, ਯੋਗਯ, ਪਰਿਖਯਾ, ਈਸਾ, ਬਹੀ, ਬਸਤੂ, ਬਹੁਟੀ, ਬਰਾਈ, ਬਦੂਕ, ਬਸੀਯਤ, ਅਕਰਾਰ, ਵਡਿਆਈ, ਮੈਹਮਾਨ, ਅਤਹਾਸ, ਅਕਲੌਤੀ, ਕਚੈਹਰੀ। 15

2. (a) ਜਾਣਾ, ਖਾਣਾ ਨੂੰ ਕਿਰਿਆ ਵਜੋਂ ਵਰਤ ਕੇ ਵਾਕ ਬਣਾਉ।
(b) ਦੂਰ, ਅਮੀਰ ਨੂੰ ਵਿਸ਼ੇਸ਼ਣ ਵਜੋ- ਵਰਤ ਕੇ ਵਾਕ ਲਿਖੋ।
(c) ਵਿਦਿਆਰਥੀ, ਚੰਡੀਗੜ੍ਹ ਨੂੰ ਨਾਂਵ ਵਜੋਂ ਵਰਤੋਂ ਅਤੇ ਵਾਕ ਬਣਾਉ।
(d) ਪਤੀ, ਅਧਿਆਪਕਾ ਦਾ ਲਿੰਗ ਬਦਲ ਕੇ ਵਾਕ ਬਣਾਉ।
(e) ਨਹਿਰ, ਪੁਸਤਕਾਂ ਦਾ ਵਚਨ ਬਦਲ ਕੇ ਵਾਕਾਂ ਵਿਚ ਵਰਤੋਂ। 5×2=10

## ਭਾਗ - ਅ

3. (a) ਨਿਰ, ਨਿਸ, ਬੇ ਆਦਿ ਨੂੰ ਅਗੇਤਰ ਵਜੋਂ ਵਰਤ ਕੇ ਪੰਜ ਸ਼ਬਦ ਲਿਖੋ ਅਤੇ ਵਾਕਾ ਵਿਚ ਵਰਤੋਂ।
(b) ਵਾਕ ਵਾਕੰਸ ਅਤੇ ਉਪਵਾਕ ਬਾਰੇ ਜਾਣਕਾਰੀ ਦਿਉ ਅਤੇ ਇਨ੍ਹਾਂ ਦਾ ਮਹੱਤਵ ਵਿਚਾਰੋ। 10

4. ਵਿਸ਼ਰਾਮ-ਚਿੰਨ੍ਹਾਂ ਦੀ ਵਰਤੋਂ ਕਰੋ :
ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਸਾਹਿਬ ਨੇ ਕਿਹਾ ਅਜ ਦੇ ਯੁੱਗ ਵਿਚ ਕੰਪਿਊਟਰ ਦੀ ਸਿਖਲਾਈ ਬਹੁਤ ਜ਼ਰੂਰੀ ਹੈ ਕਾਲਜ ਵਿਚ ਕੰਪਿਊਟਰ-ਲੈਬ ਸਥਾਪਤ ਕੀਤੀ ਗਈ ਹੈ ਮੈਂ ਚਾਹੁੰਦਾ ਹਾਂ ਕਿ ਵੱਧ ਤੋਂ ਵੱਧ ਵਿਦਿਆਰਥੀ ਲਾਭ ਉਠਾਉਣ ਵਿਦਿਆਰਥੀਆਂ ਨੇ ਪ੍ਰਿੰਸੀਪਲ ਸਾਹਿਬ ਦਾ ਧੰਨਵਾਦ ਕੀਤਾ। 10

www.questionpaperesult.com

Scanned by CamScanner

## ਭਾਗ - ੲ

5. ਸੰਖੇਪ ਉੱਤਰ ਲਿਖੋ :

1. ਵਿਆਕਰਣ ਦਾ ਕੀ ਮਹੱਤਵ ਹੁੰਦਾ ਹੈ ?
2. ਪੰਜਾਬੀ ਵਰਣਮਾਲਾ ਵਿਚ ਕੁਲ ਕਿਤਨੇ ਅੱਖਰ ਹਨ ?
3. ਤਿੰਨ ਦੋ-ਅੱਖਰੀ ਸ਼ਬਦ ਲਿਖੋ।
4. ਤਿੰਨ-ਤਿੰਨ ਅੱਖਰੀ ਸ਼ਬਦ ਲਿਖੋ।
5. ਤਿੰਨ ਬਹੁ-ਅੱਖਰੀ ਸ਼ਬਦ ਦਰਜ ਕਰੋ।
6. ਸ਼ਬਦ ਸ਼੍ਰੇਣੀਆਂ ਤੋਂ ਕੀ ਭਾਵ ਹੈ ?
7. ਨਾਂਵ ਕਿਸ ਨੂੰ ਕਹਿੰਦੇ ਹਨ ?
8. ਤਿੰਨ ਨਾਂਵ ਦਰਜ ਕਰਕੇ ਵਾਕ ਬਣਾਉ।
9. ਪੜਨਾਂਵ ਕਿਸ ਨੂੰ ਕਹਿੰਦੇ ਹਨ ?
10. ਦੋ ਪੜਨਾਂਵ ਦਰਜ ਕਰੋ।
11. ਵਿਸ਼ੇਸ਼ਣ ਤੋਂ ਕੀ ਭਾਵ ਹੈ ?
12. ਦੋ ਵਿਸ਼ੇਸ਼ਣ ਦਰਜ ਕਰ ਅਤੇ ਵਾਕ ਬਣਾਉ।
13. ਵਿਸ਼ੇਸ਼ਣ ਅਤੇ ਕਿਰਿਆ-ਵਿਸ਼ੇਸ਼ਣ ਵਿਚਲਾ ਅੰਤਰ ਦੱਸੋ।
14. ਪਟਵਾਰੀ, ਡਾਕਟਰਨੀ ਦਾ ਲਿੰਗ ਬਦਲੋ।
15. ਕਲਮ, ਕਾਰ ਦਾ ਵਚਨ ਬਦਲੋ।
16. ਅਗੇਤਰ ਕਿਸ ਨੂੰ ਕਹਿੰਦੇ ਹਨ ?
17. ਅਪ, ਅਣ ਨੂੰ ਅਗੇਤਰ ਵਜੋਂ ਵਾਕ ਵਿਚ ਵਰਤੋਂ।
18. ਪਿਛੇਤਰ ਤੋਂ ਕੀ ਭਾਵ ਹੈ ?
19. ਮਾਨ, ਵੰਤ ਨੂੰ ਪਿਛੇਤਰ ਵਜੋਂ ਵਾਕ ਵਿਚ ਵਰਤੋਂ।
20. ਵਾਕ ਤੋਂ ਕੀ ਭਾਵ ਹੈ ?
21. ਵਾਕੰਸ਼ ਦੇ ਅਰਥ ਲਿਖੋ।.
22. ਉਪਵਾਕ ਤੋਂ ਕੀ ਭਾਵ ਹੈ ?
23. ਪ੍ਰਸ਼ਨ-ਚਿੰਨ੍ਹ ਕਦੋਂ ਵਰਤਿਆ ਜਾਂਦਾ ਹੈ ?
24. ਵਿਸ਼ਰਾਮ ਚਿੰਨ੍ਹ ਕਿਉਂ ਵਰਤੇ ਜਾਂਦੇ ਹਨ ?
25. ਸੈਮੀ-ਕੋਲਨ ਤੋਂ ਕੀ ਭਾਵ ਹੈ ?
26. ਵਿਸਮਿਕ ਕਿਸ ਨੂੰ ਕਹਿੰਦੇ ਹਨ ?
27. ਸਮਾਸ ਦੇ ਅਰਥ ਲਿਖੋ।
28. ਕਾਲ ਤੋਂ ਕੀ ਭਾਵ ਹੈ ?
29. ਪੁਰਖ ਕਿਤਨੀ ਪ੍ਰਕਾਰ ਦੇ ਹਨ ?
30. ਕਾਲ ਕਿਤਨੀ ਪ੍ਰਕਾਰ ਦੇ ਹਨ ?

30×1=30

www.questionpaperesult.com

Scanned by CamScanner